# ਹੜ੍ਹ ਦੁਬਾਰਾ ਆਉਣਗੇ

## ਹੌਕਸਬਰੀ-ਨਿਪੀਯਨ ਵਿੱਚ ਹੜ੍ਹ ਕਿੰਨੀ ਕਿੰਨੀ ਦੇਰ ਬਾਅਦ ਆਉਂਦੇ ਹਨ

**ਹੌਕਸਬਰੀ-ਨਿਪੀਯਨ ਵਾਦੀ ਵਿੱਚ ਖਤਰਨਾਕ ਅਤੇ ਨੁਕਸਾਨਦਾਇਕ ਹੜ੍ਹਾਂ ਦੇ ਆਉਣ ਦਾ ਬਹੁਤ ਪੁਰਾਣਾ ਇਤਹਾਸ ਹੈ। 1790'ਏਆਂ ਦਾ ਦਸ਼ਕ, ਜਦੋਂ ਤੋਂ ਰਿਕਾਰਡ ਰੱਖਣੇ ਸ਼ੁਰੂ ਕੀਤੇ ਗਏ ਹਨ, ਵਾਦੀ ਵਿੱਚ ਦਰਮਿਆਨੀ ਤੋਂ ਲੈ ਕੇ ਵੱਡੇ ਪੱਧਰ ਦੇ ਤਕਰੀਬਨ 130 ਹੜ੍ਹ ਆਏ ਹਨ, ਜਿਸ ਵਿੱਚ 5 ਵੱਡੇ ਅਤੇ 20 ਦੂਸਰੇ ਹੋਰ ਗੰਭੀਰ ਹੜ੍ਹ 1960 ਤੋਂ ਬਾਅਦ ਆਏ ਹਨ ਜਦੋਂ ਦਾ ਵਾਰਾਗੰਬਾ ਡੈਮ ਬਣ ਕੇ ਤਿਆਰ ਹੋਇਆ ਸੀ।**




**1961 ਦਾ ਹੜ੍ਹ**: ਮਕ-ਗ੍ਰਾਥਸ ਹਿੱਲ (McGraths Hill) ਦਾ ਬਲੂ ਮਾਉਂਟੇਨਜ਼ ਦੀ ਦਿਸ਼ਾ ਵੱਲ ਦਿੱਸਦਾ ਹਵਾਈ ਦ੍ਰਿਸ਼
(ਸਰੋਤ: Vic Gillespie collection)

ਜਿਓਂਦੀ ਯਾਦ ਦਾ ਸਭ ਤੋਂ ਵੱਡਾ ਹੜ੍ਹ ਨਵੰਬਰ 1961 ਵਿੱਚ ਆਇਆ ਸੀ, ਜਿਸ ਵਕਤ ਵਿੰਡਸਰ ਨਦੀ ਵਿੱਚ ਪਾਣੀ ਦਾ ਪੱਧਰ ਆਮ ਉਚਾਈ ਤੋਂ 14.5 ਮੀਟਰ ਉੱਚਾ ਚਲਾ ਗਿਆ ਸੀ। ਇਸ ਹੜ੍ਹ ਦੌਰਾਨ ਨਿਪੀਯਨ ਰੋਇੰਗ ਅਤੇ ਪਾਵਰਬੋਟ ਕਲੱਬ ਬਰਬਾਦ ਹੋ ਗਿਆ ਸੀ, ਯਾਰਾਮੰਡੀ ਪੁਲ ਪਲਟ ਗਿਆ ਸੀ ਅਤੇ ਪੂਰੀ ਹੌਕਸਬਰੀ-ਨਿਪੀਯਨ ਵਾਦੀ ਵਿੱਚ ਵੱਡੇ ਪੱਧਰ ਤੇ ਤਬਾਹੀ ਹੋਈ ਸੀ।

ਰਿਕਾਰਡ ਦਾ ਸਭ ਤੋਂ ਵੱਡਾ ਹੜ੍ਹ 1867 ਵਿੱਚ ਆਇਆ ਸੀ ਜਿਸ ਵਕਤ ਵਿੰਡਸਰ ਨਦੀ ਵਿੱਚ ਹੜ੍ਹਾਂ ਦਾ ਪਾਣੀ ਆਮ ਉਚਾਈ ਤੋਂ **19 ਮੀਟਰ** ਉੱਚਾ ਚਲਾ ਗਿਆ ਸੀ।

ਵੱਡੇ ਹੜ੍ਹ ਬਹੁਤੇ ਤਾਂ ਨਹੀਂ ਆਉਂਦੇ, ਪਰ ਜਦ ਆਉਂਦੇ ਹਨ, ਤਾਂ ਭਾਈਚਾਰਿਆਂ ਉੱਤੇ ਇਨ੍ਹਾਂ ਦੇ ਪ੍ਰਭਾਵ ਬਹੁਤ ਵੱਧ ਹੁੰਦੇ ਹਨ।



1867 ਹੜ੍ਹ ਦੌਰਾਨ ਗ੍ਰੇਟ ਵੈਸਟਰਨ ਰੋਡ ਤੋਂ ਪੈੱਨਰਿਥ ਦਾ ਦ੍ਰਿਸ਼
(ਸਰੋਤ: *Illustrated Times* (ਲੰਦਨ), 7 ਸਤੰਬਰ 1867 ਪੰਨਾ 145; ਸਟੇਟ ਲਾਈਬ੍ਰੇਰੀ ਆਫ਼ ਨਿਊ ਸਾਊਥ ਵੇਲਜ਼)

## ਰਿਕਾਰਡ ਦਾ ਸਭ ਤੋਂ ਵੱਡਾ ਹੜ੍ਹ

**80 ਸਾਲਾਂ ਦੇ ਜੀਵਨ ਕਾਲ ਵਿੱਚ 1867 ਜਿੱਡਾ ਵੱਡਾ**

ਹੜ੍ਹ ਆਉਣ ਦੀ ਸੰਭਾਵਨਾ **15%** ਹੈ

**ਉਸ ਵੇਲੇ ਜਿਨ੍ਹਾਂ ਨੇ ਇਸ ਨੂੰ ਵੇਖਿਆ ਸੀ ਉਨ੍ਹਾਂ ਨੇ ਵਿਆਖਿਆ ਕੀਤੀ ਕਿ ਅੰਦਰਲੀ ਜ਼ਮੀਨ ਉੱਤੇ ਇੱਕ ਬਹੁਤ ਵੱਡਾ ਸਮੁੰਦਰ (inland sea) ਜੋ ਕਿ ਪਿੱਟ ਟਾਊਨ ਤੋਂ ਕੂਰਾਜੋਂਗ ਅਤੇ ਰਿਵਰਸਟਨ ਤੋਂ ਬਲੂ ਮਾਉਂਟੇਨਜ਼ ਤੱਕ ਬਣ ਗਿਆ ਸੀ। ਵਿੰਡਸਰ, ਰਿੱਚਮੰਡ ਅਤੇ ਪਿੱਟ ਟਾਊਨ ਛੋਟੇ ਛੋਟੇ ਹੜ੍ਹ ਟਾਪੂ ਬਣ ਗਏ ਸੀ। ਪੈੱਨਰਿਥ ਵਿਖੇ, ਹੜ੍ਹਾਂ ਦਾ ਪਾਣੀ ਲਗਭਗ ਹਾਈ ਅਤੇ ਵੁੱਡਰਿਫ਼ ਸਟ੍ਰੀਟਸ ਦੇ ਕੋਨੇ ਤੱਕ ਪਹੁੰਚ ਗਿਆ ਸੀ ਅਤੇ ਈਮਯੂ ਪਲੇਨਜ਼ (Emu Plains) ਦਾ ਵਧੇਰਾ ਹਿੱਸਾ ਪਾਣੀ ਹੇਠ ਸੀ।**

ਜੇ ਇਸ ਰਿਕਾਰਡ ਹੜ੍ਹ ਵਰਗਾ ਹੜ੍ਹ ਇਸ ਵਕਤ ਵਾਦੀ ਵਿੱਚ ਆਉਂਦਾ ਹੈ, ਤਾਂ

**90,000**
**ਤੋਂ ਜ਼ਿਆਦਾ** ਲੋਕਾਂ ਨੂੰ

ਹੜ੍ਹ-ਸਥਲ (FLOODPLAIN) ਤੋਂ ਕੱਢਣਾ ਪਵੇਗਾ ਅਤੇ

**12,000**
**ਤੋਂ ਵੱਧ** ਘਰ

ਹੜ੍ਹ ਦੇ ਪਾਣੀ ਦੇ ਨਾਲ ਪ੍ਰਭਾਵਿਤ ਹੋਣਗੇ।



SES NSW STATE EMERGENCY SERVICE

## ਅਗਲਾ ਵੱਡਾ ਹੜ੍ਹ ਕਦੋਂ ਬਕਾਇਆ ਹੈ?

1990 ਤੋਂ ਬਾਅਦ ਕੋਈ ਵੱਡਾ ਹੜ੍ਹ ਨਹੀਂ ਆਇਆ ਹੈ। ਇਹ 28 ਸਾਲ ਬਣਦੇ ਹਨ, ਅਤੇ ਵਾਦੀ ਵਿੱਚ ਸੁੱਕੇ ਅਤੇ ਹੜ੍ਹਾਂ ਦੇ ਚੱਕਰ (cycle) ਦੇ ਨਾਲ ਇਹ ਕੋਈ ਅਸਾਧਾਰਣ ਗੱਲ ਨਹੀਂ।

ਜਲ-ਵਿਗਿਆਨ ਸਬੰਧੀ ਸੋਧ (Hydrological research) ਨੇ ਇਹ ਦਰਸ਼ਾਇਆਂ ਹੈ ਕਿ ਇਸ ਇਲਾਕੇ ਦਾ ਸੁਭਾਅ ਸੁੱਕਾ-ਹਾਵੀ ਅਤੇ ਹੜ੍ਹ-ਹਾਵੀ ਸਾਈਕਲਾਂ ਦਾ ਹੈ ਜੋ ਸਾਈਕਲ ਦਸ਼ਕਾਂ-ਦਸ਼ਕ ਤੱਕ ਚੱਲਦੇ ਰਹਿ ਸਕਦੇ ਹਨ (ਥੱਲੇ ਚਿੱਤਰ ਵੇਖੋ)। ਇੱਥੋਂ ਤੱਕ ਕਿ ਇਸ ਗੱਲ ਦੀ ਬਹੁਤ ਜ਼ਿਆਦਾ ਸੰਭਾਵਨਾ ਹੈ ਕਿ ਸੁੱਕੇ ਨੂੰ ਇੱਕ ਹੜ੍ਹ ਤੋੜੇਗਾ, ਅਤੇ ਇਹ ਕਿ ਹੋਰ ਵੀ ਹੜ੍ਹ ਇਸ ਤੋਂ ਬਾਅਦ ਆਉਣਗੇ।

ਇਸ ਵਕਤ, ਅਸੀਂ ਸੁੱਕਾ-ਹਾਵੀ ਸਾਈਕਲ ਵਿੱਚ ਹਾਂ ਅਤੇ ਰਿਕਾਰਡ ਦਰਸ਼ਾਉਂਦੇ ਹਨ ਕਿ ਸੰਭਾਵਨਾ ਹੈ ਕਿ ਇਸ ਤੋਂ ਅੱਗੇ ਹੜ੍ਹ-ਹਾਵੀ ਸ਼ਾਸਨ ਕਾਲ ਆਵੇਗਾ।

ਇਸ ਸਾਰੀ ਬੁਨਿਆਦੀ ਵਿਧੀ ਤੋਂ ਇਲਾਵਾ, ਸਾਲਾਨਾ ਤੌਰ ਤੇ ਬਾਰਸ਼ਾਂ ਅਤੇ ਪਾਣੀ ਦੇ ਵੱਗ ਜਾਣ ਵਿੱਚ ਵੱਡੇ ਫਰਕ ਦੇਖਣ ਵਿੱਚ ਆਉਂਦੇ ਹਨ। ਆਖਰਕਾਰ, ਹੜ੍ਹ ਕੁਦਰਤ ਵੱਲੋਂ ਹੋਣ ਵਾਲੀਆਂ ਘਟਨਾਵਾਂ ਹੁੰਦੇ ਹਨ। ਹੌਕਸਬਰੀ-ਨਿਪੀਯਨ ਵਾਦੀ ਵਿੱਚ ਹੜ੍ਹ ਫਿਰ ਆਉਣਗੇ, ਬਸ ਅਸੀਂ ਇਹ ਅੰਦਾਜ਼ਾ ਨਹੀਂ ਲਗਾ ਸਕਦੇ ਕਿ ਕਦੋਂ।

## ਤਿਆਰ ਰਹਿਣ ਲਈ ਤੁਸੀਂ ਕੀ ਕਰ ਸਕਦੇ ਹੋ?

### ਯਕੀਨੀ ਕਰ ਲਵੋ ਕਿ ਤੁਸੀਂ ਆਪਣੇ ਪਰਿਵਾਰ ਅਤੇ ਦੋਸਤ-ਸਹੇਲੀਆਂ ਨਾਲ ਇਸ ਬਾਰੇ ਗੱਲ ਕਰੋ ਕਿ ਤੁਸੀਂ ਹੜ੍ਹ ਆਉਣ ਤੇ ਕੀ ਕਰੋਗੇ ਤਾਂ ਜੋ ਸਭ ਨੂੰ ਪਤਾ ਹੋਵੇ ਕਿ ਕੀ ਕਰਨਾ ਹੈ ਅਤੇ ਕਿਸ ਚੀਜ਼ ਦੀ ਉਮੀਦ ਕੀਤੀ ਜਾ ਸਕਦੀ ਹੈ। ਤਿਆਰੀ ਇਸ ਵਕਤ ਕਰੋ ਅਤੇ ਜਾਨਾਂ ਬਚਾਉਣ ਦੇ ਲਈ ਇਨ੍ਹਾਂ ਛੇ ਕਦਮਾਂ ਦੀ ਪਾਲਣਾ ਕਰੋ

**1. ਆਪਣੇ ਖਤਰਿਆਂ ਬਾਰੇ ਜਾਣੂ ਹੋਵੋ**
**www.ses.nsw.gov.au/hawkesbury-nepean-floods** ਤੇ ਜਾਓ ਅਤੇ ਹੜ੍ਹਾਂ ਦੇ ਨਕਸ਼ੇ ਵੇਖੋ। ਸੰਪੱਤੀ-ਪੱਧਰ ਜਾਣਕਾਰੀ ਲਈ ਆਪਣੀ ਸਥਾਨਕ ਕਾਊਂਸਿਲ ਨੂੰ ਸੰਪਰਕ ਕਰੋ।

**2. ਸਮਝ ਜਾਓ ਕਿ ਜਾਣਾ ਕਿੱਥੇ ਹੈ**
ਹੜ੍ਹ ਦੀ ਵੈੱਬਸਾਈਟ ਉੱਤੇ ਹੜ੍ਹ ਤੋਂ ਨਿਕਲਣ ਦੇ ਰਸਤਿਆਂ ਬਾਰੇ ਜਾਣਕਾਰੀ ਪ੍ਰਾਪਤ ਕਰੋ। ਹੜ੍ਹ-ਸਮਤਲ ਖੇਤਰ (floodplain area) ਤੋਂ ਬਾਹਰ ਰਹਿਣ ਵਾਲੇ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਨਾਲ ਕਿਸੇ ਅਜਿਹੇ ਸਥਾਨ ਦਾ ਬੰਦੋਬਸਤ ਕਰਨ ਦੇ ਲਈ ਗੱਲ ਬਾਤ ਕਰ ਕੇ ਰੱਖੋ ਜਿੱਥੇ ਤੁਸੀਂ ਜਾ ਸਕੋ।

**3. ਜਾਣੋ ਕਿ ਕਿਸ ਨੂੰ ਕਾੱਲ ਕਰਨੀ ਹੈ**
ਸਥਾਨਕ ਅਪਾਤਕਾਲ ਨੰਬਰਾਂ ਨੂੰ ਆਪਣੇ ਮੋਬਾਈਲ ਦੇ ਅੰਦਰ ਜਾਂ ਫਰਿੱਜ ਉੱਤੇ ਰੱਖੋ। ਹੜ੍ਹਾਂ ਅਤੇ ਤੂਫਾਨਾਂ ਵਿੱਚ ਅਪਾਤਕਾਲ ਮਦਦ ਦੇ ਲਈ NSW SES ਨੂੰ 132 500 ਉੱਤੇ ਕਾੱਲ ਕਰੋ। ਜਾਨ ਨੂੰ ਖਤਰੇ ਵਾਲੀ ਕਿਸੇ ਅਪਾਤਕਾਲ ਸਥਿਤੀ ਵਿੱਚ ਸਿਫਰ ਸਿਫਰ ਸਿਫਰ (triple zero) ਨੂੰ ਕਾੱਲ ਕਰੋ।

**4. ਘਰ ਦੀ ਇੱਕ ਅਪਾਤਕਾਲ ਕਿੱਟ ਤਿਆਰ ਕਰੋ**
ਇਸ ਵਿੱਚ ਕੀ ਕੀ ਸ਼ਾਮਲ ਕਰਨਾ ਹੈ ਇਹ ਦੇਖਣ ਦੇ ਲਈ **www.ses.nsw.gov.au/hawkesbury-nepean-floods** ਤੇ ਜਾਓ।

**5. ਆਪਣੇ ਬੀਮੇ ਦੀ ਜਾਂਚ ਕਰ ਲਉ**
ਇਹ ਯਕੀਨੀ ਬਣਾ ਲਓ ਕਿ ਤੁਹਾਡਾ ਬੀਮਾ ਤੁਹਾਡੀ ਸਥਿਤੀ ਅਤੇ ਖਤਰੇ ਮੁਤਾਬਕ ਉਚਿਤ ਹੈ ਅਤੇ ਚਾਲੂ ਹਾਲਤ ਵਿੱਚ ਹੈ।

**6. ਇਹ ਜਾਣ ਲਓ ਕਿ ਹੜ੍ਹ ਦੀ ਅਪਾਤਕਾਲ ਸਥਿਤੀ ਵਿੱਚ ਕਦੋਂ ਹਰਕਤ ਵਿੱਚ ਆਉਣਾ ਹੈ**
ਹੜ੍ਹਾਂ ਦੇ ਚਿਤਾਵਨੀ ਸੰਕੇਤਾਂ ਬਾਰੇ ਜਾਣਕਾਰੀ ਦੇ ਲਈ ਵੇਖੋ **www.ses.nsw.gov.au/hawkesbury-nepean-floods**. ਬਿਲਕੁਲ ਤਾਜ਼ਾ ਜਾਣਕਾਰੀ ਦੇ ਲਈ ਸਥਾਨਕ ਅਤੇ ABC ਰੇਡੀਓ ਸੁਣੋ ਅਤੇ NSW SES Facebook ਜਾਂ NSW ਪੁਲਿਸ Facebook ਜਾਂ Twitter ਨੂੰ ਫੌਲੋ ਕਰੋ।

## ਹੌਕਸਬਰੀ-ਨਿਪੀਯਨ ਵਾਦੀ ਵਿੱਚ ਹੜ੍ਹ ਕਿਸ ਢੰਗ ਨਾਲ ਆਉਂਦੇ ਹਨ

